### ਓਬਾਮਾ ਦੀ ਤਕਰੀਰਃ

# ਕੂੜ ਫਿਰੇ ਪ੍ਰਧਾਨ ਵੇ ਲਾਲੋ

19 ਮਈ, 2011 ਨੂੰ ਅਮਰੀਕਾ ਦੇ ਸਦਰ ਓਬਾਮਾ ਨੇ ਮੱਧ ਏਸ਼ੀਆ ਅਤੇ ਉੱਤਰੀ ਅਫ਼ਰੀਕਾ ਬਾਰੇ ਵਾਸ਼ਿੰਗਟਨ ਵਿਚ ਇਕ ਬੜੀ ਧੂੰਏਦਾਰ ਤਕਰੀਰ ਕੀਤੀ। ਓਬਾਮਾ ਨੇ ਕਿਹਾ ਕਿ ਅਮਰੀਕਾ ਹਮੇਸ਼ਾ ਹੀ ਲੋਕਾਂ ਦੀ ਖ਼ੁਦਮੁਖ਼ਤਾਰੀ ਦੀ ਹਿਮਾਇਤ ਅਤੇ ਇਮਦਾਦ ਕਰਦਾ ਰਿਹਾ ਹੈ ਅਤੇ ਹੁਣ ਵੀ ਕਰਦਾ ਰਹੇਗਾ।

ਪਰ ਓਬਾਮਾ ਦੀ ਇਹ ਗੱਲ ਹਕੀਕਤ ਤੋਂ ਬਿਲਕੁਲ ਉਲਟ ਹੈ। ਹੋਰਨਾਂ ਅਮਰੀਕਨ ਸਦਰਾਂ ਵਾਂਗ, ਜਿਵੇਂ ਕਿ ਜਾਰਜ ਬੁਸ਼ ਸੀ, ਓਬਾਮਾ ਨੇ ਵੀ ਇਸ ਤਕਰੀਰ ਵਿਚ ਕੂੜ ਅਤੇ ਝੂਠ ਦੇ ਪਹਾੜ ਖੜ੍ਹੇ ਕੀਤੇ ਹਨ।
ਘਟੋਘਟ 1896 ਤੋਂ ਲੈ ਕੇ ਹੁਣ ਤੱਕ ਤਾਂ ਅਮਰੀਕਾ ਨੇ ਹਮੇਸ਼ਾ ਹੀ ਲੋਕਾਂ ਦੇ ਖ਼ੁਦ ਮੁਖਤਾਰੀ ਦੇ ਘੋਲਾਂ ਨੂੰ ਕੁਚਲਿਆ ਹੈ। ਹੇਅਤੀ ਦੇ 1898 ਦੇ ਗੁਲਾਮਾਂ ਦੇ ਇਨਕਲਾਬ ਨੂੰ ਕੁਚਲਨ ਲਈ ਅਮਰੀਕਾ ਨੇ ਪੂਰਾ ਜ਼ੋਰ ਲਾਇਆ ਸੀ। ਕਿਊਬਾ ਨੇ ਜਦੋਂ ਸਪੇਨੀ ਬਸਤੀਵਾਦ ਦਾ ਜੂਲਾ ਲਾਹੁਣ ਦਾ ਉਦਮ ਕੀਤਾ ਤਾਂ ਉਸ ਵੇਲੇ ਵੀ ਅਮਰੀਕਾ ਨੇ ਕਿਊਬਾ ਦੀ ਖ਼ੁਦਮੁਖ਼ਤਾਰੀ ਦੀ ਤਾਂਘ ਨੂੰ ਗੋਲੀ ਬਾਰੂਦ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ। ਮੈਕਸੀਕੋ, ਹੰਡੂਰਾਸ, ਐਲ-ਸਲਵਾਡੋਰ, ਬਰਾਜ਼ੀਲ, ਚਿੱਲੀ, ਵੈਨੇਜ਼ੁਏਲਾ, ਬੋਲੀਵੀਆ, ਗੁਆਟਾਮਾਲਾ ਅਤੇ ਹੋਰ ਕਈ ਮੁਲਕਾਂ ਵਿਚ ਅਮਰੀਕਾ ਨੇ ਆਪਣੀ ਫੌਜ ਅਤੇ ਗੁੰਡਿਆਂ ਰਾਹੀਂ ਲੋਕਾਂ ਦੇ ਖ਼ੁਦਮੁਖ਼ਤਾਰੀ ਅਤੇ ਆਪਣੀ ਕਿਸਮਤ ਦੇ ਫੈਸਲੇ ਆਪ ਕਰਨ ਦੇ ਘੋਲਾਂ ਤੇ ਹਮਲੇ ਕੀਤੇ। ਅਮਰੀਕੀ ਹਾਕਮ ਟੋਲੇ ਨੇ ਅਮਰੀਕਾ ਵਿਚ ਹੀ 1864 ਤੋਂ ਲੈ ਕੇ 1904 ਦੇ ਸਮੇਂ ਦੇ ਦੌਰਾਨ ਤਕਰੀਬਨ ਪੰਜ ਛੇ ਕਰੋੜ ਮੁੱਢ ਕਦੀਮ ਦੇ ਜੱਦੀ ਲੋਕਾਂ ਦੀ ਨਸਲਕੁਸ਼ੀ ਕੀਤੀ ਅਤੇ ਕਰੋੜਾਂ ਹੀ ਲੋਕਾਂ ਨੂੰ ਅਫ਼ਰੀਕਾ ਤੋਂ ਲਿਆ ਕੇ ਗੁਲਾਮ ਬਣਾਇਆ। ਇਹ ਹੈ ਅਮਰੀਕਾ ਦੇ ਹਾਕਮ ਟੋਲੇ ਅਤੇ ਸਾਮਰਾਜ ਦੀ ਲੋਕਾਂ ਦੀ ਖ਼ੁਦਮੁਖ਼ਤਾਰੀ ਦੇ ਘੋਲਾਂ ਦੀ ਹਿਮਾਇਤ ਦੀ ਮੁਖ਼ਤਸਰ ਜਿਹੀ ਤਾਰੀਖ਼ ਅਤੇ ਇਤਿਹਾਸ ਜਿਸਨੂੰ ਓਬਾਮਾ ਝੁਠਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਦੂਸਰੀ ਆਲਮੀ ਜੰਗ ਦੇ ਬਾਅਦ ਅਮਰੀਕਾ ਨੇ ਬ੍ਰਿਟਿਸ਼ ਬਸਤੀਵਾਦ ਅਤੇ ਨਾਜ਼ੀ ਜਰਮਨੀ ਦਾ ਕੰਮ ਆਪਣੇ ਹੱਥ ਸੰਭਾਲ ਲਿਆ ਅਤੇ ਕੋਰੀਆ, ਵਿਅਤਨਾਮ, ਫਿਲੀਪੀਨਸ, ਇੰਡੋਨੇਸ਼ੀਆ, ਫ਼ਲਸਤੀਨ, ਇਰਾਨ, ਪਾਕਿਸਤਾਨ, ਯੂਨਾਨ, ਤੁਰਕੀ, ਮੱਧ ਏਸ਼ੀਆ ਅਤੇ ਅਫ਼ਰੀਕਾ ਦੇ ਮੁਲਕਾਂ ਵਿਚ ਲੱਖਾਂ ਹੀ ਲੋਕਾਂ ਦੇ ਕਤਲ ਕੀਤੇ ਜੋ ਕਿ ਖ਼ੁਦਮੁਖ਼ਤਾਰੀ ਲਈ ਲੜ ਰਹੇ ਸੀ ਅਤੇ ਆਪਣੀ ਕਿਸਮਤ ਦਾ ਫੈਸਲਾ ਆਪ ਕਰਨਾ ਚਾਹੁੰਦੇ ਸੀ। ਉਬਾਮ ਸੋਚਦਾ ਹੈ ਕਿ ਦੁਨੀਆ ਦੇ ਲੋਕ ਉਨ੍ਹਾਂ ਦੀ ਖ਼ੁਦਮੁਖ਼ਤਾਰੀ ਦੇ ਘੋਲਾਂ ਉੱਤੇ ਹੋਏ ਇਹ ਕਾਤਲਾਨਾ ਹਮਲੇ ਭੁਲ ਜਾਣਗੇ ਕਿਉਂਕਿ ਉਹ ਫੱਫੇਕੁੱਟ ਤਕਰੀਰ ਕਰ ਲੈਂਦਾ ਹੈ। ਪਰ ਓਬਾਮਾ ਕਿਸੇ ਹੋਰ ਦੁਨੀਆ ਚ ਰਹਿ ਰਿਹਾ ਹੈ। ਉਸਦੀ ਇਸ ਗੱਲ ਦਾ ਕੋਈ ਯਕੀਨ ਨਹੀਂ ਕਰਦਾ ਕਿ ਅਮਰੀਕਾ ਦੱਬੇ ਕੁਚਲੇ ਤੇ ਆਜ਼ਾਦੀ ਤਾਂਘ ਰੱਖਦੇ ਲੋਕਾਂ ਦਾ ਹਮਾਇਤੀ ਹੈ। ਓਬਾਮਾ ਦੀ ਤਕਰੀਰ ਦੇ ਬਾਅਦ ਇਕ ਜਾਇਜ਼ੇ ਮੁਤਾਬਕ ਅੱਸੀ ਫੀ ਸਦੀ ਲੋਕ ਅਮਰੀਕਾ ਅਤੇ ਇਸਰਾਈਲ ਨੂੰ ਅਰਬ ਲੋਕਾਂ ਦੇ ਪਹਿਲੇ ਨੰਬਰ ਦੇ ਦੁਸ਼ਮਣ ਕਹਿੰਦੇ ਹਨ।

ਸਦਰ ਓਬਾਮਾ ਨੇ ਮਨੁੱਖੀ ਹੱਕਾਂ, ਆਦਰ, ਮਾਣ ਵਗੈਰਾ ਹੋਰ ਮਨੁੱਖੀ ਕਦਰਾਂ ਕੀਮਤਾਂ ਦੀ ਵੀ ਗੱਲ ਕੀਤੀ ਅਤੇ ਕਿਹਾ ਕਿ ਅਮਰੀਕਾ ਇਨ੍ਹਾਂ ਕਦਰਾਂ ਕੀਮਤਾਂ ਤੇ ਹਮੇਸ਼ਾ ਹੀ ਪਹਿਰਾ ਦਿੰਦਾ ਆਇਆ ਹੈ ਅਤੇ ਦਿੰਦਾ ਰਹੇਗਾ। ਇਹ ਵੀ ਇਕ ਸਫ਼ੈਦ ਝੂਠ ਹੈ। ਇਨ੍ਹਾਂ ਕਦਰਾਂ ਕੀਮਤਾਂ ਤੇ ਤਾਂ ਓਬਾਮਾ ਦੀ ਸਰਕਾਰ ਅਮਰੀਕਾ ਵਿਚ ਵੀ ਪਹਿਰਾ ਨਹੀਂ ਦੇ ਰਹੀ। ਪੇਟਰੀਅਟ ਐਕਟ ਦੇ ਤਹਿਤ ਲੱਖਾਂ ਹੀ ਬੇਗੁਨਾਹ ਅਮਰੀਕਨ ਸ਼ਹਿਰੀਆਂ ਦੇ ਮਗਰ ਖ਼ੁਫ਼ੀਆ ਅਜੰਸੀਆਂ ਲੱਗੀਆਂ ਹੋਈਆਂ ਹਨ। ਉਨ੍ਹਾਂ ਦੇ ਟੈਲੀਫੂਨ ਅਤੇ ਇੰਟਰਨੈੱਟ ਰਾਹੀਂ ਗੱਲਬਾਤ ਤੇ ਇਹ ਅਜੰਸੀਆਂ ਨਿਗਾਹ ਰਖਦੀਆਂ ਹਨ। ਉਨ੍ਹਾਂ ਦੀ ਸਾਰੀ ਗੱਲਬਾਤ ਗੈਰ-ਕਾਨੂੰਨੀ ਤੌਰ ਤੇ ਰਿਕਾਰਡ ਕੀਤੀ ਜਾਂਦੀ ਹੈ। ਸੈਂਕੜੇ ਲੋਕ ਅਮਰੀਕਾ ਦੀਆਂ ਜੇਲ੍ਹਾਂ ਵਿਚ ਕਈ ਸਾਲਾਂ ਤੋਂ ਸੜ ਰਹੇ ਹਨ ਜਿਨ੍ਹਾਂ ਤੇ ਕੋਈ ਮੁਕਦਮਾ ਵੀ ਨਹੀਂ ਦਾਇਰ ਕੀਤਾ ਗਿਆ। ਲਾਇਬ੍ਰੇਰੀਆਂ ਨੂੰ ਹਿਦਾਇਤਾਂ ਹਨ ਕਿ ਇਸਲਾਮ ਬਾਰੇ ਜੇ ਕੋਈ ਕਿਤਾਬਾਂ ਲੈ ਕੇ ਜਾਂਦਾ ਹੈ ਜਾਂ ਪੜ੍ਹਦਾ ਹੈ ਤਾਂ ਖ਼ੁਫ਼ੀਆ ਅਜੰਸੀਆਂ ਨੂੰ ਇਤਲਾਹ ਦਿੱਤੀ ਜਾਵੇ। ਵਿਕੀਲੀਕਸ ਤੇ ਹਮਲੇ ਓਬਾਮਾ ਸਰਕਾਰ ਦੀ ਲੋਕਾਂ ਦੀ "ਆਜ਼ਾਦੀ ਦਾ ਪਹਿਰੇਦਾਰ" ਹੋਣ ਦੇ ਵੱਡੇ ਸਬੂਤ ਹਨ।

ਓਬਾਮਾ ਨੇ ਮੱਧ ਏਸ਼ੀਆ ਅਤੇ ਉੱਤਰੀ ਅਮਰੀਕਾ ਦੇ ਲੋਕਾਂ ਲਈ ਖ਼ੁਸ਼ਹਾਲੀ ਅਤੇ ਰੁਜ਼ਗਾਰ ਦਾ ਬੰਦੋਬਸਤ ਕਰਨ ਦੇ ਉਦਮ ਦੀ ਵੀ ਗੱਲ ਕੀਤੀ ਪਰ ਇਹ ਕੰਮ ਉਸਦੀ ਸਰਕਾਰ ਅਮਰੀਕਾ ਦੇ ਲੋਕਾਂ ਲਈ ਹੀ ਕਰ ਲਵੇ ਤਾਂ ਖ਼ੁਸ਼ੀ ਦੀ ਗੱਲ ਹੋਵੇਗੀ। ਖ਼ਬਰਾਂ ਮੁਤਾਬਕ ਅਮਰੀਕਾ ਵਿਚ ਇਸ ਵੇਲੇ ਬੇਰੁਜ਼ਗਾਰੀ 1920 ਅਤੇ 1930 ਦੇ ਮੰਦਵਾੜੇ ਦੇ ਪੱਧਰ ਦੀ ਹੈ। ਡਿਟਰਾਇਟ ਵਰਗੇ ਸ਼ਹਿਰਾਂ ਵਿਚ ਅੱਧੇ ਲੋਕ ਬੇਰੁਜ਼ਗਾਰ ਹਨ ਅਤੇ ਐਫਰੋ ਅਮਰੀਕਨ ਕਾਲੇ ਲੋਕ ਤਾਂ 70-75 ਫੀ ਸਦੀ ਬੇਕਾਰ ਹਨ। ਦੱਸਿਆ ਜਾਂਦਾ ਹੈ ਕਿ ਚਾਰ ਕਰੋੜ ਲੋਕ ਬਗੈਰ ਸਿਹਤ ਦੇ ਬੀਮੇ ਦੇ ਹਨ। ਚਾਲੀ ਫੀ ਸਦੀ ਬੱਚੇ ਗਰੀਬੀ ਦਾ ਸਾਹਮਣਾ ਕਰ ਰਹੇ ਹਨ। ਪਰ ਜੋ ਓਬਾਮਾ ਆਪਣੇ ਮੁਲਕ ਦੇ ਲੋਕਾਂ ਦੀ ਖ਼ੁਸ਼ਹਾਲੀ ਅਤੇ ਰੁਜ਼ਗਾਰ ਬਾਰੇ ਕੁਝ ਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦਾ ਉਹ ਮੱਧ ਏਸ਼ੀਆ ਅਤੇ ਉੱਤਰੀ ਅਫ਼ਰੀਕਾ ਦੇ ਲੋਕਾਂ ਦੀ ਖ਼ੁਸ਼ਹਾਲੀ ਅਤੇ ਰੁਜ਼ਗਾਰ ਬਾਰੇ ਦਮਗਜੇ ਮਾਰ ਰਿਹਾ ਹੈ।

ਓਬਾਮਾ ਦੀ ਤਕਰੀਰ ਸਾਮਰਾਜ ਦੇ ਹੋਰਨਾਂ ਬੁਲਾਰਿਆਂ ਵਾਂਗ ਲੋਕਾਂ ਦੀ ਅੱਖਾਂ ਵਿਚ ਮਿੱਟੀ ਪਾਉਣ ਦੇ ਅਲਾਵਾ ਕੁਝ ਵੀ ਨਹੀਂ। ਸਾਮਰਾਜ ਚਾਹੁੰਦਾ ਹੈ ਕਿ ਲੋਕ ਸਾਮਰਾਜ ਦੇ ਜੁਰਮਾਂ ਨੂੰ ਭੁੱਲ ਕੇ ਇਸਨੂੰ ਆਪਣੇ ਘੋਲਾਂ ਦਾ ਹਾਮੀ ਸਮਝਣ ਲੱਗ ਪੈਣ ਅਤੇ ਚੁੱਪਚਾਪ ਆਪਣੀ ਛਿੱਲ ਲਹਾਈ ਜਾਣ। ਪਰ ਜਿਨ੍ਹਾਂ ਨੇ ਲੋਕਾਂ ਦੇ ਕਤਲ ਕੀਤੇ ਹਨ ਲੋਕ ਉਨ੍ਹਾਂ ਨੂੰ ਆਜ਼ਾਦੀ ਦੇ ਘੋਲ ਵਿਚ ਆਪਣਾ ਹਮਸਫਰ ਕਿਸ ਤਰ੍ਹਾਂ ਸਮਝ ਸਕਦੇ ਹਨ?

ਓਬਾਮਾ ਦੀ ਇਹ ਤਕਰੀਰ ਲੋਕਾਂ ਨੂੰ ਕੁਰਾਹੇ ਪਾਉਣ ਦੇ ਅਲਾਵਾ ਹੋਰ ਕੁਝ ਵੀ ਨਹੀਂ ਹੈ ਇਸ ਲਈ ਉਹ ਕਿਸੇ ਵੀ ਮੁੱਦੇ ਤੇ ਸੱਚ ਨਹੀਂ ਬੋਲ ਸਕਿਆ ਅਤੇ ਨਾ ਬੋਲ ਸਕਦਾ ਹੈ। ਸਾਮਰਾਜ ਦੇ ਮੁਫ਼ਾਦ ਅਤੇ ਲੋਕਾਂ ਦੇ ਹਿਤ ਇਕ ਦੂਜੇ ਦੇ ਉਲਟ ਹਨ। ਇਸ ਲਈ ਓਬਾਮਾ ਨੂੰ ਝੂਠ ਅਤੇ ਫਰੇਬ ਦਾ ਪੁਲੰਦਾ ਹੀ ਰਾਸ ਆ ਸਕਦਾ ਹੈ ਅਸਲੀਅਤ ਅਤੇ ਸੱਚਾਈ ਨਹੀਂ।